This question paper contains 2 printed pages]

*Your Roll No.* ..........................

**7684**

**B.Com./I** **E-I**

Paper V—PUNJABI (A)

(Admissions of 2006 and onwards)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

**Note :** The maximum marks printed on the question paper are applicable for the students of the regular colleges (Cat. A). These marks will, however, be scaled up proportionately in respect of the students of SOL/NCWEB at the time of posting of awards for compilation of result.

1. ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਦੀ ਪੰਜਾਬੀ ਬਣਾਓ:-

   Abstract, Article, Complex, Contrast, Description, Existence, Function, Imagination Meter, Process, Accountant, Amount, Arrears, Refund, Particular 15

2. ਆਪਣੇ ਇਲਾਕੇ ਦੇ ਸਿਹਤ ਭਲਾਈ ਅਫਸਰ ਨੂੰ ਇਲਾਕੇ ਦੀ ਸਫ਼ਾਈ ਬਾਰੇ ਚਿੱਠੀ ਲਿਖੋ। 15

3. ਹੇਠ ਲਿਖੇ ਵਾਕਾਂ ਵਿੱਚ ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ ਛਾਂਟੋ:

   i. ਉਸ ਨੇ ਘੋੜੇ ਨੂੰ ਛੋਲੇ ਖੁਆਏ।
   ii. ਕਾਕਾ! ਮੈਂ ਕਲ੍ਹ ਦਿੱਲੀ ਜਾਵਾਂਗਾ ਤੇ ਤੇਰੇ ਲਈ ਗਰਮ ਕਪੜੇ ਲਿਆਵਾਂਗਾ।
   iii. ਇਹ ਸੁਹਣਾ ਬੱਚਾ ਇੰਨਾ ਕਿਉਂ ਰੋਂਦਾ ਹੈ।
   iv. ਮੈਨੂੰ ਤੁਹਾਡਾ ਲਿਖਿਆ ਪੱਤਰ ਮਿਲ ਗਿਆ ਹੈ।
   v. ਮੇਰੀ ਸਹੇਲੀ ਨੇ ਮੈਨੂੰ ਬੜਾ ਸੁਹਣਾ ਸੂਟ ਦਿੱਤਾ। 15

P.T.O.

4. ਕਾਰਕ ਕਿਸ ਨੂੰ ਆਖਦੇ ਹਨ ਅਤੇ ਕਰਤਾ ਕਾਰਕ ਤੇ ਕਰਮ ਕਾਰਕ ਦਾ ਭੇਦ ਉਦਾਹਰਣਾਂ ਸਹਿਤ ਸਪਸ਼ਟ ਕਰੋ। 15

5. ਪਾਠ ਪੁਸਤਕ 'ਪੈੜਾਂ' ਵਿਚੋਂ ਮੋਹਨ ਸਿੰਘ ਦੀਵਾਨਾ ਦੀ ਕਹਾਣੀ 'ਰੂਪ ਵੱਡਾ ਕਿ ਰੱਬ' ਜਾਂ ਗੁਰਬਖ਼ਸ਼ ਸਿੰਘ ਰਚਿਤ ਕਹਾਣੀ 'ਚੰਡੀਦਾਸ' ਦਾ ਆਲੋਚਨਾਤਮਕ ਸਾਰ ਲਿਖੋ। 15

This question paper contains 3 printed pages]

*Your Roll No.* ..........................

**7685**

**B.Com./I** **E-I**

Paper V—PUNJABI (B)

*Time : 3 Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ:- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਪੰਜਾਬੀ ਵਿਚ ਕਿੰਨੀਆਂ ਅਤੇ ਕਿਹੜੀਆਂ ਕਿਹੜੀਆਂ ਲਗਾਂ ਹਨ?

ਜਾਂ

ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:-
ਅਭਿਯਾਸ, ਕੋਹੜਾ, ਗੋਬੀ, ਅਨਭਿੱਜ, ਸਹਿਨਾ, ਦੁਪੈਹਰ, ਭੁੱਖੜਾ, ਸਮਯ, ਪਾਨੀ, ਲੋਗ, ਭੈਨ, ਕਯੋਂ, ਪਯਾਰ, ਪੱਛਮ, ਅੰਬਰਸਰ। 15

2. ੳ) ਹੇਠ ਲਿਖੇ ਵਾਕਾਂ 'ਚੋਂ ਕੋਈ ਦੋ ਵਾਕਾਂ ਦੇ ਲਿੰਗ ਬਦਲੋ:-

i. ਇਹ ਲੜਕੀ ਕਿੰਨੀ ਸੁਹਣੀ ਹੈ।

ii. ਜੱਟ ਖੇਤਾਂ ਵੱਲ ਨੂੰ ਜਾ ਰਿਹਾ ਸੀ।

iii. ਡ੍ਰਾਫਟ ਜਲੰਧਰ ਨੂੰ ਜਾਵੇਗਾ।

ਅ) ਹੇਠ ਲਿਖੇ ਵਾਕਾਂ 'ਚੋਂ ਕਿਸੇ ਦੋ ਦੇ ਵਚਨ ਬਦਲੋ:-

i. ਮਾਂ ਠੰਡੀ ਛਾਂ ਹੁੰਦੀ ਹੈ।

ii. ਮੁੰਡੇ ਖੇਡਦੇ ਹਨ।

iii. ਮੇਰੀ ਪੁਸਤਕ ਕਿੱਥੇ ਹੈ। (2½x4)=10

3. ਅਣਡਿੱਠਾ ਪੈਰ੍ਹਾ:

ਰਾਹਨੁਮਾਈ ਤੋਂ ਵਾਂਝੇ ਵਿਦਿਆਰਥੀ ਪ੍ਰੇਸ਼ਾਨ ਹੋਏ ਭਟਕ ਰਹੇ ਸਨ। ਆਖਿਆ ਜਾਂਦਾ ਹੈ ਕਿ ਉਹ ਸਰਕਾਰੀ ਦਫਤਰ ਦੇ ਸ਼ੀਸ਼ੇ ਤੋੜ ਦੇਂਦੇ ਹਨ ਤੇ ਕਿਸੇ ਥਾਂ ਉਹਨਾਂ ਕੋਈ ਸਰਕਾਰੀ ਬੱਸ ਵੀ ਸਾੜ ਦਿੱਤੀ ਹੈ। ਇਹ ਵੀ ਹੋ ਸਕਦਾ ਹੈ ਕਿ ਜਵਾਨਾਂ ਨੂੰ ਲੋਕ-ਹਮਦਰਦੀ ਤੋਂ ਮਹਿਰੂਮ ਕਰਨ ਲਈ ਪੁਲਿਸ ਜਾਂ ਵਿਦਿਆਰਥੀ-ਦੁਸ਼ਮਣ ਕੋਈ ਏਜੰਸੀ ਆਪਣੇ ਵਲੋਂ ਖਰੂਦੀ ਤੇ ਸ਼ਰਾਰਤੀ

ਅਨਸਰ ਵਿਦਿਆਰਥੀਆਂ ਦੀਆਂ ਸਫ਼ਾਂ ਵਿਚ ਰਲਾ ਦੇਂਦੀ ਹੋਵੇ। ਏਸ ਅਵਸਥਾ ਉੱਤੇ ਕਾਬੂ ਪਾਉਣ ਲਈ ਸਰਕਾਰ ਕੋਲ ਮੌਸਲਾਹ ਪੁਲੀਸ ਤੋਂ ਛੁੱਟ ਕੋਈ ਹੋਰ ਸਲਾਹਕਾਰ ਹੈ ਹੀ ਨਹੀਂ। ਕੋਈ ਸੁਹਿਰਦ ਵਿਦਿਆ-ਮੰਤਰੀ ਨਹੀਂ, ਕੋਈ ਵਾਇਸ ਚਾਂਸਲਰ ਨਹੀਂ, ਕੋਈ ਪ੍ਰਿੰਸੀਪਲ ਨਹੀਂ, ਜਿਹੜਾ ਵਿਦਿਆਰਥੀਆਂ ਨੂੰ ਆਪਣੇ ਬੱਚੇ ਸਮਝ ਕੇ ਉਹਨਾਂ ਦੀ ਗੱਲ ਗਹੁ ਨਾਲ ਸੁਣ ਸਕੇ ਤੇ ਉਹਨਾਂ ਦਾ ਭਰੋਸਾ ਜਿੱਤ ਸਕੇ। ਵਿਦਿਆਰਥੀ ਕੋਈ ਸਿਆਸੀ ਜਮਾਤ ਨਹੀਂ, ਕੋਈ ਤਿਜਾਰਤੀ ਸੰਗਠਨ ਨਹੀਂ। ਇਹ ਨੌਜਵਾਨ ਭਵਿੱਖ ਦੀ ਜ਼ਿੰਦਗੀ ਦੇ ਮਾਲਕ ਹਨ, ਜਿਹਨਾਂ ਦੀ ਆਤਮਾ ਆਪਣਾ ਦਿਸ-ਹੱਦਾ ਆਸ਼ਾ ਤੋਂ ਸੱਖਣਾ ਵੇਖ ਕੇ ਬਿਹਬਲ ਹੋ ਗਈ, ਹੈ। ਤੁਸੀਂ ਕਈ ਵਾਰੀ ਟਾਂਗੇ ਵਿਚ ਬੈਠਿਆਂ ਘੋੜੇ ਦਾ ਰੁੱਸ ਜਾਣਾ ਵੇਖਿਆ ਹੋਵੇਗਾ। ਸਿਆਣਾ ਮਾਲਕ ਆਪਣੇ ਘੋੜੇ ਨੂੰ ਥਾਪਕ, ਲਡਿਆ ਕੇ ਛੇਤੀ ਹੀ ਚੈਨ ਵਿਚ ਲੈ ਆਉਂਦਾ ਹੈ। ਪਰ ਮੂਰਖ ਮਾਲਕ ਰੋਹ ਵਿਚ ਆ ਕੇ ਰੁੱਸੇ ਘੋੜੇ ਉੱਤੇ ਚਾਬਕ ਮਾਰ ਕੇ ਹੋਰ ਰੁੱਸਾ ਲੈਂਦਾ ਹੈ ਤੇ ਕਦੇ ਆਪਣੀਆਂ ਟੰਗਾਂ ਤੇ ਟਾਂਗਾ ਦੋਵੇ ਤੁੜਵਾ ਲੈਂਦਾ ਹੈ ਤੇ ਵੇਖਣ ਵਾਲਿਆਂ ਵਿਚ ਹਾਸੋਹੀਣਾ ਬਣ ਜਾਂਦਾ ਹੈ। ਆਪਣੀ ਸਰਕਾਰ ਨੂੰ ਹਾਸੋਹੀਣੇ ਟਾਂਗਾ ਮਾਲਕ ਨਾਲ ਤੁਲਨਾ ਨਾ ਦਿਆਂ, ਤਾਂ ਹੋਰ ਇਹਨਾਂ ਨੂੰ ਕੀ ਸਮਝਾਂ?

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

i. ਢੁਕਵਾਂ ਸਿਰਲੇਖ ਦਿਉ।

ii. ਪ੍ਰੇਸ਼ਾਨ ਵਿਦਿਆਰਥੀ ਕੀ ਕੀ ਕਦਮ ਚੁੱਕਦਾ ਹੈ?

iii. ਸਿਆਣਾ ਮਾਲਕ ਆਪਣੇ ਰੁੱਸੇ ਘੋੜੇ ਨੂੰ ਕਿਵੇਂ ਮਨਾਉਂਦਾ ਹੈ?

iv. ਮੂਰਖ ਮਾਲਕ ਰੋਹ ਵਿਚ ਆ ਕੇ ਕੀ ਕਰਦਾ ਹੈ ਅਤੇ ਉਸਦਾ ਕੀ ਨਤੀਜਾ ਹੁੰਦਾ ਹੈ? 20

4. ਹੇਠ ਲਿਖੇ ਅਲੰਕਾਰਾਂ ਵਿਚੋਂ ਕਿਸੇ ਦੋ ਬਾਰੇ ਵਿਚਾਰ ਕਰੋ:-

i. ਅਨੁਪ੍ਰਾਸ

ii. ਅੰਤਕਥਨੀ

iii. ਦ੍ਰਿਸ਼ਟਾਂਤ

iv. ਸਲੇਸ਼ 15

5. ਹੇਠ ਲਿਖੇ ਮੁਹਾਵਰਿਆਂ 'ਚੋਂ ਕੋਈ ਪੰਜ ਨੂੰ ਵਾਕਾਂ ਵਿਚ ਵਰਤੋਂ:-

i. ਨਾ ਨੌ ਮਣ ਤੇਲ ਹੋਏ, ਨਾ ਰਾਧਾ ਨੱਚੇ।

ii. ਨੌ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।

iii. ਦੀਵੇ ਥੱਲੇ ਹਨੇਰਾ।

iv. ਤੇਲ ਦੇਖੋ, ਤੇਲ ਦੀ ਧਾਰ ਦੇਖੋ।

v. ਡਿੱਗ ਡਿੱਗ ਕੇ ਸਵਾਰ ਹੋਈਦਾ ਹੈ।

vi. ਜੋ ਸੁਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ। 15

6. ਹੇਠ ਲਿਖੇ 'ਰੇਖਾ ਚਿੱਤਰਾਂ' ਅਤੇ 'ਹਲਕੇ ਲੇਖਾਂ' ਵਿਚੋਂ ਕਿਸੇ ਇਕ ਬਾਰੇ ਆਪਣੇ ਵਿਚਾਰ ਲਿਖੋ:-

i. ਗੰਡਾ ਸਿੰਘ

ii. ਨਿੱਕੀ ਕਹਾਣੀ ਦਾ ਬਾਦਸ਼ਾਹ

iii. ਖੁਸ਼ਾਮਦੀ ਨਾਲ

iv. ਝੂਠ ਤੇ ਸੱਚ

v. ਆਓ ਗੱਲਾਂ ਕਰੀਏ 25